PHC Punjab Police Housing Corporation Limited
Police Building, Phase 7, SAS Nagar,Tel No. 0172-4080111-112
Email : md.pphcl@punjab.gov.in

## ਸਟੇਸਨਰੀ ਦੀ ਖਰੀਦ ਸਬੰਧੀ ਨੋਟਿਸ

ਸਾਲ 2024-25 ਦੀ ਸਟੇਸਨਰੀ ਦੀ ਖਰੀਦ ਕਰਨ ਲਈ ਮੋਹਰਬੰਦ ਟੈਂਡਰ ਮੰਗੇ ਜਾਂਦੇ ਹਨ। ਟੈਂਡਰ ਫਾਰਮ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ 300/-ਰੁਪਏ ਦੀ ਅਦਾਇਗੀ ਤੇ ਨਿਗਮ ਦੇ ਮੁੱਖ ਦਫਤਰ ਤੋਂ ਖਰੀਦੇ ਜਾ ਸਕਦੇ ਹਨ ਜਾਂ ਨਿਗਮ ਦੀ ਵੈਬ ਸਾਈਟ www.pphcl.org ਤੋਂ ਡਾਊਨ ਲੋਡ ਕੀਤੇ ਜਾ ਸਕਦੇ ਹਨ ਅਤੇ ਇਸਦੀ ਕੀਮਤ ਰੁਪਏ 300/-ਜਮਾਨਤ ਰਾਸੀ ਦੇ ਨਾਲ ਜਮ੍ਹਾ ਕਰਵਾਈ ਜਾ ਸਕਦੀ ਹੈ। ਜਮਾਨਤ ਰਾਸੀ ਦੇ ਤੌਰ ਤੇ **ਰੁਪਏ 25,000/-(ਰੁਪਏ ਪੱਚੀ ਹਜਾਰ ਕੇਵਲ)** ਦਾ **ਬੈਂਕ ਡਰਾਫਟ, ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸਨ ਲਿ:** ਦੇ ਨਾਂ ਤੇ ਐਸ.ਏ.ਐਸ ਨਗਰ (ਮੋਹਾਲੀ) ਵਿਖੇ ਅਦਾਇਗੀ ਯੋਗ ਹੋਣਾਂ ਚਾਹੀਦਾ ਹੈ । ਸਪਲਾਈ ਕੀਤੀ ਜਾਣ ਵਾਲੀ ਸਟੇਸਨਰੀ ਦੇ ਸੈਂਪਲ ਅਤੇ ਜਮਾਨਤ ਰਾਸੀ ਤੋਂ ਬਗੈਰ ਟੈਂਡਰ ਸਵੀਕਾਰ ਨਹੀ ਕੀਤਾ ਜਾਣਗੇ । ਟੈਂਡਰ ਜਮ੍ਹਾ ਕਰਵਾਉਣ ਦੀ ਆਖਰੀ ਮਿਤੀ 18.03.2024 ਨੂੰ 1.00 ਵਜੇ ਬਾਅਦ ਦੁਪਿਹਰ ਹੋਵੇਗੀ ਜੋ ਉਸੇ ਦਿਨ 03.00 ਵੱਜੇ ਟੈਂਡਰਕਾਰਾਂ ਜਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧਾਂ ਦੀ ਹਾਜਰੀ ਵਿੱਚ ਨਿਗਮ ਦੇ ਮੁੱਖ ਦਫਤਰ ਵਿਖੇ ਖੋਲੇ ਜਾਣਗੇ । ਜੇਕਰ ਇਸ ਦਿਨ ਕਿਸੇ ਕਾਰਨ ਛੁੱਟੀ ਹੋ ਜਾਂਦੀ ਹੈ ਤਾਂ ਟੈਂਡਰ ਅਗਲੇ ਕੰਮ ਵਾਲੇ ਦਿਨ ਖੋਲੇ ਜਾਣਗੇ । ਨਿਮਨਹਸਤਾਖਰ ਨੂੰ ਕੋਈ ਵੀ ਜਾਂ ਸਾਰੇ ਟੈਂਡਰ ਬਿਨਾਂ ਕਾਰਨ ਦੱਸੇ ਰੱਦ/ਮੰਨਜੂਰ ਕਰਨ ਦਾ ਪੂਰਾ ਅਧਿਕਾਰ ਹੋਵੇਗਾ ।

ਮੈਨੇਜਿੰਗ ਡਾਇਰੈਕਟਰ